RBSK CIVIL SURGEON OFFICE, BATHINDA
RASHTRIYA BAL SWASTHYA KARYAKRAM
Ph. 0164-2240144 Email: schbtd@gmail.com

11/7/23

ਵੱਲੋ

ਸਿਵਲ ਸਰਜਨ, ਬਠਿੰਡਾ।

ਵੱਲ

ਸਮੂਹ ਸੀਨੀਅਰ ਮੈਡੀਕਲ ਅਫਸਰ,
ਜਿਲ੍ਹਾ ਬਠਿੰਡਾ।

ਨੰ. ਆਰ.ਬੀ.ਐਸ.ਕੇ/2023/ 530-36 ਮਿਤੀ:- 11/7/2023

ਵਿਸ਼ਾ:- ਮਿਤੀ 12/07/2023 ਤੋਂ 12/08/2023 ਤੱਕ ਅਨੀਮੀਆ ਮੁਕਤ ਪੰਜਾਬ ਕੰਪੇਨ ਮਨਾਉਣ ਸਬੰਧੀ।

ਹਵਾਲਾ:- ਮਾਣਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਮਿਤੀ 10/07/2023 ਦੇ ਸਬੰਧ ਵਿੱਚ।

ਉਪਰੋਕਤ ਹਵਾਲੇ ਅਧੀਨ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਜਿਲ੍ਹਾ ਬਠਿੰਡਾ ਵਿੱਚ ਮਿਤੀ 12/07/2023 ਤੋਂ 12/08/2023 ਤੱਕ ਮਨਾਏ ਜਾ ਰਹੇ ਅਨੀਮੀਆ ਮੁਕਤ ਪੰਜਾਬ ਕੰਪੇਨ ਦੌਰਾਨ ਆਪ ਅਧੀਨ ਕੰਮ ਕਰ ਰਹੀਆਂ ਆਰ.ਬੀ.ਐਸ.ਕੇ ਟੀਮਾਂ ਵੱਲੋਂ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

1. ਸਕੂਲ ਅਤੇ ਆਂਗਣਵਾੜੀ ਵਿਜਿਟ ਦੌਰਾਨ ਸਾਰੇ ਬੱਚਿਆਂ ਦੀ ਅਨੀਮੀਆ ਲਈ ਸਕਰੀਨਿੰਗ ਕਰਨਾ ਯਕੀਨੀ ਬਣਾਇਆ ਜਾਵੇ।
2. ਅਨੀਮੀਆ ਤੋਂ ਪੀੜਿਤ ਬੱਚਿਆਂ ਦੀ ਲਾਈਨ ਲਿਸਟਿੰਗ ਤਿਆਰ ਕਰਕੇ ਸਕੂਲ ਮੁੱਖੀ/ਆਂਗਣਵਾੜੀ ਨਾਲ ਸਾਂਝੀ ਕੀਤੀ ਜਾਵੇ ਤਾਂ ਜੋ ਉਹਨਾਂ ਵੱਲੋਂ ਬੱਚਿਆਂ ਨੂੰ ਸਿਹਤ ਸੰਸਥਾਵਾਂ ਵਿੱਚ ਭੇਜਿਆ ਜਾ ਸਕੇ।
3. ਟੀਮਾਂ ਵੱਲੋਂ ਵਿਜਿਟ ਦੌਰਾਨ ਇਹ ਵੀ ਚੈੱਕ ਕੀਤਾ ਜਾਵੇ ਕਿ ਸਕੂਲਾਂ ਵਿੱਚ ਆਈ.ਐਫ.ਏ ਦੀਆਂ ਗੋਲੀਆਂ ਲੋੜੀਂਦੀ ਮਾਤਰਾ ਵਿੱਚ ਮੌਜੂਦ ਹਨ ਅਤੇ ਉਹਨਾਂ ਨੂੰ ਵਿਫਸ ਦੀਆਂ ਹਦਾਇਤਾਂ ਅਨੁਸਾਰ ਬੱਚਿਆਂ ਨੂੰ ਹਰ ਬੁੱਧਵਾਰ ਦਿੱਤਾ ਜਾ ਰਿਹਾ ਹੈ।
4. ਜੇਕਰ ਕਿਸੇ ਸਕੂਲ ਵਿੱਚ ਆਈ.ਐਫ.ਏ ਨਹੀ ਹੈ ਤਾਂ ਮੌਕੇ ਤੇ ਇਸ ਸਬੰਧੀ ਜਾਣਕਾਰੀ ਬੀ.ਪੀ.ਈ.ਓ ਨਾਲ ਸਾਂਝੀ ਕੀਤੀ ਜਾਵੇ। ਸਿਹਤ ਵਿਭਾਗ ਵੱਲੋਂ ਮਈ 2023 ਵਿੱਚ ਜਿਲ੍ਹੇ ਦੇ ਸਮੂਹ ਬੀ.ਪੀ.ਈ.ਓ ਨੂੰ ਲੋੜੀਂਦੀ ਮਾਤਰਾ ਵਿੱਚ ਆਈ.ਐਫ.ਏ ਦੀ ਸਪਲਾਈ ਕੀਤੀ ਗਈ ਹੈ।
5. ਬੱਚਿਆਂ ਨੂੰ ਅਨੀਮੀਆ ਸਬੰਧੀ ਜਾਗਰੂਕ ਕੀਤਾ ਜਾਵੇ।
6. ਟੀਮਾਂ ਵੱਲੋਂ ਕੀਤੀ ਗਈ ਕਾਰਵਾਈ ਦੀ ਰੋਜਾਨਾ ਰਿਪੋਰਟ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਸਿਵਲ ਸਰਜਨ, ਬਠਿੰਡਾ।

ਉਤਾਰਾ:- ਨੰ. ਆਰ.ਬੀ.ਐਸ.ਕੇ/2023/ 537-538 ਮਿਤੀ:- 11/7/2023

1. ਜਿਲ੍ਹਾ ਸਿੱਖਿਆ ਅਫਸਰ (ਪ੍ਰਾ/ਸ.ਸ) ਜਿਲਾ ਬਠਿੰਡਾ ਹਿੱਤ।
2. ਜਿਲ੍ਹਾ ਪ੍ਰੋਗਰਾਮ ਅਫਸਰ ਬਠਿੰਡਾ ਨੂੰ ਸੂਚਨਾ ਹਿੱਤ।

## <u>ਦਫਤਰ ਜਿਲਾ ਸਿਖਿਆ ਅਫਸਰ(ਸੈ ਸਿ) ਬਠਿੰਡਾ</u>

**Room No.455, Mini Secretariate, 3rd floor,**

ਮੇਲ ਆਈ ਡੀ deosebathinda@punjab education.gov.in

ਪਿਠਅੰਕਣ ਨੰ: ਸਟੈਨੋ/ਜਿਸਿਅ ( )2023/ ੩੮੧ ਮਿਤੀ: 12.07.2023

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀ, ਜਿਲ੍ਹਾ ਬਠਿੰਡਾ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ **RBSK** ਟੀਮ ਨੂੰ ਵਿਜਿਟ ਦੌਰਾਨ ਸਹਿਯੋਗ ਦੇਣਾ ਯਕੀਨੀ ਬਣਾਇਆ ਜਾਵੇ।

12/7/23

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਬਠਿੰਡਾ।